# ਕੇਵਲ ਸਿੰਘ ਪੁਰੇਵਾਲ ਦੀ ਪਹਿਲੀ ਬਰਸੀ



*(ਕੇਵਲ ਸਿੰਘ ਪੁਰੇਵਾਲ 21 ਸਤੰਬਰ, 2005 ਨੂੰ ਆਪਣੇ ਸ਼ਹਿਰ ਕਵੈਂਟਰੀ ਦੇ ਨਜ਼ਦੀਕੀ ਕਸਬੇ ਸਟਰੈਟਫੋਰਡ ਗਏ ਹੋਏ ਸਨ ਕਿ ਅਚਾਨਕ ਦਿਲ ਦਾ ਦੌਰਾ ਪੈਣ ਨਾਲ ਸਦੀਵੀ ਵਿਛੋੜਾ ਦੇ ਗਏ। ਉਸ ਵੇਲੇ ਉਨ੍ਹਾਂ ਦੀ ਉਮਰ 68 ਸਾਲ ਦੀ ਸੀ। ਕੇਵਲ ਸਿੰਘ ਆਪਣੀ ਜਵਾਨੀ ਦੇ ਦਿਨਾਂ ਵਿਚ ਹੀ ਪੰਜਾਬ ਤੋਂ ਇਗਲੈਂਡ ਦੇ ਸ਼ਹਿਰ ਕਵੈਂਟਰੀ ਆ ਵੱਸੇ ਤੇ ਅਗਾਂਹਵਧੂ ਲਹਿਰ ਵਿਚ ਸ਼ਾਮਲ ਹੋ ਗਏ। ਉਨਾਂ ਕਵੈਂਟਰੀ ਬੱਸਾਂ ਵਿਚ ਬਤੌਰ ਡਰਾਇਵਰ ਕੰਮ ਕੀਤਾ ਅਤੇ ਹਮੇਸ਼ਾਂ ਆਪਣੇ ਆਪ ਨੂੰ ਬਰਤਾਨੀਆਂ ਦੀ ਮਜ਼ਦੂਰ ਜਮਾਤ ਦਾ ਇਕ ਮੈਂਬਰ ਸਮਝਿਆ। ਜਿਸ ਵੇਲੇ ਤੋਂ 1979 ਬਰਤਾਨੀਆਂ ਦੀ ਇਨਕਲਾਬੀ ਕਮਿਉਨਿਸਟ ਪਾਰਟੀ(ਮ-ਲ) ਬਣੀ ਉਦੋਂ ਤੋਂ ਹੀ ਉਹ ਇਹਦੇ ਇਕ ਸਰਕਰਦਾ ਵਰਕਰ ਸਨ। ਪਿਛਲੇ ਦੋ ਦਹਾਕਿਆਂ ਤੋਂ ਉਹ ਇੰਡੀਅਨ ਵਰਕਰਜ਼ ਐਸੋਸੀਏਸ਼ਨ (ਗ.ਬ.) ਦੇ ਪ੍ਰਧਾਨ ਵੀ ਸਨ। ਸਭਾ ਦੇ ਨਿਸ਼ਾਨੇ ਨੂੰ ਹਾਸਲ ਕਰਨ ਲਈ ਉਹ ਸਭਾ ਦੇ ਪ੍ਰੋਗਰਾਮ ਉਤੇ ਦਰਿੜਤਾ ਨਾਲ ਚਲਦੇ ਰਹੇ। ਆਪਣੀ ਕਮਿਉਨਿਟੀ ਨੂੰ ਸਟੇਟ ਸ਼ਹਿਪ੍ਰਾਪਤ ਨਸਲਵਾਦੀ ਹਮਲਿਆਂ ਅਤੇ ਵਿਤਕਰੇ ਦੇ ਖਿਲਾਫ ਲੜਨ ਲਈ ਜਥੇਬੰਦ ਕਰਨ ਵਿਚ ਅਤੇ ਸਾਰਿਆਂ ਦੇ ਹੱਕਾਂ ਦੀ ਰਾਖੀ ਲਈ ਇਕ ਮੁੱਠ ਹੋਕੇ ਲੜਨ ਵਿਚ ਉਹ ਮੂਹਰੇ ਹੋ ਕੇ ਹਿਸਾ ਲੈਂਦੇ ਰਹੇ। ਉਨ੍ਹਾਂ ਦਾ ਯਕੀਨ ਸੀ ਕਿ ਜਿਸ ਮੁਲਕ ਵਿਚ ਅਸੀਂ ਰਹਿੰਦੇ ਹਾਂ ਉਹਦੀ ਸਿਆਸਤ ਵਿਚ ਹਿੱਸਾ ਲੈਣ ਤੋਂ ਕਦੇ ਵੀ ਕੰਨੀ ਨਹੀਂ ਕਤਰਾਉਣੀ ਚਾਹੀਦੀ ਸਗੋਂ ਵੱਧ ਚੜ੍ਹ ਕੇ ਅੱਗੇ ਆਉਣਾ ਚਾਹੀਦਾ ਹੈ।*

*ਇਹਦੇ ਨਾਲ ਹੀ ਉਹ ਹਿੰਦੁਸਤਾਨ ਦੇ ਪੱਕੇ ਦੇਸ਼ ਭਗਤ ਵੀ ਸਨ ਅਤੇ ਇਕ ਕੌਮਾਂਤਰੀ ਪ੍ਰੋਲੇਤਾਰੀ ਵੀ। ਇਸ ਲਈ ਆਪਣੀ ਮਾਤਰ-ਭੂਮੀ ਅਤੇ ਦੁਨੀਆਂ ਦੇ ਹੋਰ ਸਾਰੇ ਮੁਲਕਾਂ ਦੇ ਲੋਕਾਂ ਦੀ ਮੁਕਤੀ ਲਈ ਉਹ ਹਮੇਸ਼ਾਂ ਯਤਨਸ਼ੀਲ ਰਹਿੰਦੇ। ਕਨੇਡਾ ਦੀ ਕਮਿਉਨਿਸਟ ਪਾਰਟੀ(ਮ-ਲ) ਦੇ ਆਗੂ ਸਾਥੀ ਹਰਦਿਆਲ ਬੈਂਸ ਨਾਲ ਕੇਵਲ ਸਿੰਘ ਦੀ ਬਚਪਨ ਤੋਂ ਹੀ ਗੂੜ੍ਹੀ ਮਿਤਰਤਾ ਸੀ ਅਤੇ ਉਨ੍ਹਾਂ ਦੇ ਦੱਸੇ ਹੋਏ ਅਸੂਲਾਂ ਉਤੇ ਚਲਣ ਵਿਚ ਕੇਵਲ ਪੁਰੇਵਾਲ ਨੇ ਜ਼ਿੰਦਗੀ ਭਰ ਫ਼ਖਰ ਸਮਝਿਆ।)*

ਕੇਵਲ ਸਿੰਘ ਪੁਰੇਵਾਲ ਦੇ ਜੀਵਨ ਅਤੇ ਕੰਮ ਨੂੰ ਸਮ੍ਰਪਿਤ ਇਕ ਸਮਾਗਮ ਉਨ੍ਹਾਂ ਦੀ ਪਹਿਲੀ ਬਰਸੀ ਉਤੇ ਕਵੈਂਟਰੀ ਵਿਚ 22 ਅਕਤੂਬਰ ਨੂੰ ਕੀਤਾ ਗਿਆ। ਇਸ ਮੀਟਿੰਗ ਦਾ ਇੰਤਜ਼ਾਮ ਇੰਡੀਅਨ ਵਰਕਰਜ਼ ਐਸੋਸੀਏਸ਼ਨ (ਗ.ਬ.) ਵਲੋਂ ਕੀਤਾ ਗਿਆ ਤੇ ਇਹਦੀ ਮੇਜ਼ਬਾਨੀ ਕਰਨ ਦਾ ਜ਼ਿੰਮਾਂ ਸਭਾ ਦੀ ਕਵੈਂਟਰੀ ਬ੍ਰਾਂਚ ਵਲੋਂ ਲਿਆ ਗਿਆ। ਮੀਟਿੰਗ ਵਿਚ ਸੌ ਤੋਂ ਵਧੇਰੇ ਲੋਕਾਂ ਨੇ ਸ਼ਮੂਲੀਅਤ ਕੀਤੀ ਤੇ ਕੇਵਲ ਸਿੰਘ ਪੁਰੇਵਾਲ ਦੀ ਜ਼ਿੰਦਗੀ ਅਤੇ ਕੰਮ ਉਤੇ ਰੌਸ਼ਨੀ ਪਾਉਂਦੇ ਹੋਏ ਉਨ੍ਹਾਂ ਦੀਆਂ ਯਾਦਾਂ ਆਪਸ ਵਿਚ ਸਾਂਝੀਆਂ ਕੀਤੀਆਂ।

ਮੀਟਿੰਗ ਹਾਲ ਦੀ ਸਟੇਜ ਨੂੰ ਬਹੁਤ ਚੰਗੀ ਤਰ੍ਹਾਂ ਸਜਾਇਆ ਗਿਆ ਜਿਥੇ ਮੇਜ਼ਾਂ ਉਤੇ ਲਾਲ ਕਪੜਾ ਵਿਛਿਆ ਹੋਇਆ ਸੀ ਤੇ ਕੇਵਲ ਸਿੰਘ ਪੁਰੇਵਾਲ ਦੀ ਇਕ ਮੁਸਕਰਾਉਂਦੀ ਹੋਈ ਤਸਵੀਰ ਦੇ ਨਾਲ ਸੋਹਣੇ ਸੋਹਣੇ ਫੁਲਾਂ ਦਾ ਇਕ ਸ਼ਾਨਦਾਰ ਗੁਲਦਸਤਾ ਰੱਖਿਆ ਗਿਆ ਸੀ। ਇਸ ਮੀਟਿੰਗ ਦੀ ਸਦਾਰਤ ਸਾਥੀ ਅਜਮੇਰ ਸਿੰਘ ਬੈਂਸ ਨੇ ਕੀਤੀ ਜੋ ਕੇਵਲ ਸਿੰਘ ਪੁਰੇਵਾਲ ਦੇ ਬੜੇ ਪਰਾਣੇ ਤੇ ਪੱਕੇ ਦੋਸਤ ਅਤੇ ਇੰਡੀਅਨ ਵਰਕਰਜ਼ ਐਸੋਸੀਏਸ਼ਨ(ਗ.ਬ.) ਦੇ ਜਨਰਲ ਸਕੱਤਰ ਹਨ। ਅਜਮੇਰ ਬੈਂਸ ਨੇ ਕੇਵਲ ਪੁਰੇਵਾਲ ਦੀਆਂ ਵਧੀਆ ਅਤੇ ਸ਼ਲਾਘਾ ਯੋਗ ਸਿਫ਼ਤਾਂ ਬਾਰੇ ਬਹੁਤ ਹੀ ਪ੍ਰਭਾਵਸ਼ਾਲੀ ਤਰੀਕੇ ਨਾਲ ਗੱਲ ਕੀਤੀ ਤੇ ਦਸਿਆ ਕਿ ਉਹ ਬਹੁਤ ਸਾਦਾ, ਇਮਾਨਦਾਰ, ਦਿਆਨਤਦਾਰ ਤੇ ਸਚਾਈ ਤੇ ਪਹਿਰਾ ਦੇਣ ਵਾਲੇ ਸ਼ਖ਼ਸ ਸਨ ਸਨ। ਅਜਮੇਰ ਨੇ ਦਸਿਆ ਕਿ ਕੇਵਲ ਸਿੰਘ ਪੁਰੇਵਾਲ ਤੋਂ ਉਨ੍ਹਾਂ ਨੇ ਬਹੁਤ ਕੁਝ ਸਿਖਿਆ ਹੈ।

ਕੇਵਲ ਪੁਰੇਵਾਲ ਦੀ ਵਿਧਵਾ, ਪੁਤਰ, ਪੋਤਰੇ, ਧੀ ਅਤੇ ਦੋਹਤੀਆਂ ਸਣੇ ਪਰਿਵਾਰ ਦੇ ਹੋਰ ਕਈ ਮੈਂਬਰ ਵੀ ਇਸ ਸਮਾਗਮ ਵਿਚ ਸ਼ਾਮਲ ਹੋਏ। ਕੇਵਲ ਦੇ ਵੱਡੇ ਪੁਤਰ ਨੇ ਪਰਿਵਾਰ ਵਲੋਂ ਬੋਲਦਿਆਂ ਬਹੁਤ ਹੀ ਸੋਹਣੇ ਤਰੀਕੇ ਨਾਲ ਆਪਣੇ ਬਾਪ ਦੀਆਂ ਯਾਦਾਂ ਅਤੇ ਆਪਣੇ ਪ੍ਰਭਾਵ ਸਰੋਤਿਆਂ ਨਾਲ ਸਾਂਝੇ ਕੀਤੇ। ਫੇਰ ਕੇਵਲ ਦੇ ਇਕ ਪੋਤਰੇ ਨੇ ਵੀ ਆਪਣੇ ਬਾਬੇ ਬਾਰੇ ਆਪਣੀਆਂ ਯਾਦਾਂ ਬਿਆਨ ਕੀਤੀਆਂ। ਇਹਦੇ ਮਗਰੋਂ ਸਭਾ ਦੀ ਕਵੈਂਟਰੀ ਬਰਾਂਚ ਦੇ ਕਈ ਮੈਂਬਰਾਂ ਨੇ

ਸਾਥੀ ਪੁਰੇਵਾਲ ਨੂੰ ਆਪਣੀਆਂ ਸ਼ਰਧਾਂਜਲੀਆਂ ਭੇਂਟ ਕੀਤੀਆਂ ਤੇ ਕਈਆਂ ਨੇ ਇਸ ਮੌਕੇ ਲਈ ਖ਼ਾਸ ਤੌਰ ਤੇ ਲਿਖੀਆਂ ਹੋਈਆਂ ਆਪਣੀਆਂ ਕਵਿਤਾਵਾਂ ਸੁਣਾਈਆਂ। ਸਭਾ ਦੀਆਂ ਕਈ ਹੋਰ ਬਰਾਂਚਾਂ ਤੋਂ ਆਏ ਹੋਏ ਸਾਥੀਆਂ ਨੇ ਵੀ ਕੇਵਲ ਨਾਲ ਆਪਣੀਆਂ ਬੀਤੀਆਂ ਦੇ ਕਈ ਦਿਲਚਸਪ ਤੇ ਹਸਾਉਣ ਵਾਲੇ ਕਿਸੇ ਬਿਆਨ ਕੀਤੇ। ਇਸ ਸਾਰੀ ਗੱਲਬਾਤ ਤੋਂ ਕੇਵਲ ਦੀ ਜ਼ਿੰਦਗੀ ਦੀ ਇਕ ਬਹੁਤ ਹੀ ਦਿਲਚਸਪ ਤਸਵੀਰ ਇਕ ਐਸੇ ਸ਼ਖ਼ਸ ਵਜੋਂ ਸਾਹਮਣੇ ਆਈ ਜੋ ਆਪਣੇ ਭਾਈਚਾਰੇ ਦੀ ਹਰ ਦੁਖ਼ ਤਕਲੀਫ਼ ਵਿਚ ਸ਼ਾਮਲ ਹੋਣਾ ਵੀ ਆਪਣਾ ਫ਼ਰਜ਼ ਸਮਝਦਾ ਸੀ ਅਤੇ ਏਥੇ ਦੀ ਮਜ਼ਦੂਰ ਜਮਾਤ ਦਾ ਮੈਂਬਰ ਹੋਣ ਦੇ ਨਾਤੇ ਦੁਨੀਆਂ ਭਰ ਦੇ ਲੋਕਾਂ ਦੇ ਦੁਖਾਂ ਤਕਲੀਫ਼ਾਂ ਨੂੰ ਵੀ ਆਪਣੇ ਦੁਖ ਸਮਝਦਾ ਸੀ ਉਨ੍ਹਾਂ ਦੇ ਹਰ ਮਸਲੇ ਵਿਚ ਡੂੰਘੀ ਦਿਲਚਸਪੀ ਲੈਂਦਾ ਸੀ।

ਕਈਆਂ ਬੁਲਾਰਿਆਂ ਨੇ ਕਾਮਰੇਡ ਹਰਦਿਆਲ ਬੈਂਸ, ਕੈਨੇਡਾ ਦੀ ਕਮਿਉਨਿਸਟ ਪਾਰਟੀ(ਮ-ਲ) ਦੇ ਗੁਜ਼ਰ ਗਏ ਲੀਡਰ ਤੇ ਬਾਨੀ, ਨਾਲ ਕੇਵਲ ਸਿੰਘ ਪੁਰਵਾਲ ਦੀ ਉਮਰ ਭਰ ਦੀ ਦੋਸਤੀ ਅਤੇ ਸਕੂਲ ਦੇ ਦਿਨਾਂ ਦੀਆਂ ਯਾਦਾਂ ਨੂੰ ਸਰੋਤਿਆਂ ਨਾਲ ਸਾਂਝਿਆਂ ਕੀਤਾ। ਕਵੈਂਟਰੀ ਦੇ ਸਾਬਕਾ ਲਾਰਡ ਮੇਅਰ ਸੁਚਾ ਸਿੰਘ ਬੈਂਸ ਨੇ ਕਿਹਾ ਕਿ ਬੇਸ਼ੱਕ ਉਹ ਕੇਵਲ ਦੀ ਸਿਆਸਤ ਨਾਲ ਤਾਂ ਬਹੁਤੀ ਸਹਿਮਤੀ ਨਹੀਂ ਸਨ ਰੱਖਦੇ ਲੇਕਿਨ ਕੇਵਲ ਦੀ ਦੋਸਤੀ ਤੇ ਉਨ੍ਹਾਂ ਨੂੰ ਬੜਾ ਨਾਜ਼ ਸੀ ਤੇ ਸਾਂਝੇ ਉਦੇਸ਼ਾਂ ਲਈ ਉਹ ਹਮੇਸ਼ਾਂ ਇਕੱਠੇ ਕੰਮ ਕਰਦੇ ਰਹੇ। ਹੋਰਨਾਂ ਜਥੇਬੰਦੀਆਂ ਅਤੇ ਭਾਈਚਾਰਿਆਂ ਵਿਚੋਂ ਵੀ ਕਈਆਂ ਬੁਲਾਰਿਆਂ ਨੇ ਕੇਵਲ ਦੀ ਸ਼ਖ਼ਸੀਅਤ, ਚੰਗੇ ਕਾਜ਼ਾਂ ਵਾਸਤੇ ਹਮੈਤ ਅਤੇ ਇਨਸਾਫ਼ ਪਸੰਦ ਸਟੈਂਡ ਦੀਆਂ ਖੁੱਲ੍ਹ ਕੇ ਸਿਫ਼ਤਾਂ ਕੀਤੀਆਂ।

ਇਸਦੇ ਬਾਅਦ ਬਰਤਾਨੀਆਂ ਦੀ ਇਨਕਲਾਬੀ ਕਮਿਉਨਿਸਟ ਪਾਰਟੀ(ਮ-ਲ) ਦੇ ਨੈਸ਼ਨਲ ਬੁਲਾਰੇ, ਕਰਿਸ ਕੋਲਮੈਨ, ਨੇ ਮੀਟਿੰਗ ਨੂੰ ਮੁਖ਼ਾਤਿਬ ਕੀਤਾ। ਸਰੋਤਿਆਂ ਨੇ ਉਹਦੀ ਗੱਲ ਨੂੰ ਬਹੁਤ ਗਹੁ ਤੇ ਨਿਘ ਨਾਲ ਸੁਣਿਆ। ਆਪਣੀ ਗੱਲ ਸ਼ੁਰੂ ਕਰਦਿਆਂ ਕਰਿਸ ਨੇ ਕਿਹਾ ਕਿ ਇੰਡੀਅਨ ਵਰਕਰਜ਼ ਐਸੋਸੀਏਸ਼ਨ (ਗ.ਬ.) ਦੇ ਗੁਜ਼ਰ ਗਏ ਪ੍ਰਧਾਨ ਕੇਵਲ ਸਿੰਘ ਪੁਰੇਵਾਲ ਦੀ ਜ਼ਿੰਦਗੀ ਅਤੇ ਕੰਮ ਬਾਰੇ ਇਸ ਮੀਟਿੰਗ ਵਿਚ ਪਰਿਵਾਰ ਦੇ ਮੈਂਬਰਾਂ, ਦੋਸਤਾਂ ਅਤੇ ਹੋਰ ਸਾਰਿਆਂ ਨਾਲ ਪਾਰਟੀ ਦੀ ਤਰਫ਼ੋਂ ਸ਼ਮੂਲੀਅਤ ਕਰਨ ਵਿਚ ਉਹ ਬਹੁਤ ਹੀ ਫ਼ਖ਼ਰ ਮਹਿਸੂਸ ਕਰਦਾ ਹੈ ਕਿਉਂਕਿ ਕੇਵਲ ਸਿੰਘ ਬਰਤਾਨੀਆਂ ਦੀ ਇਨਕਲਾਬੀ ਕਮਿਉਨਿਸਟ ਪਾਰਟੀ(ਮ-ਲ) ਦਾ ਉਸ ਵੇਲੇ ਤੋਂ ਹੀ ਇਕ ਉਘਾ ਕਾਰਕੁਨ ਸੀ ਜਿਸ ਵੇਲੇ ਪਾਰਟੀ ਬਣੀ ਹੀ ਸੀ ਤੇ ਕੇਵਲ ਨਾਲ ਉਹਦੀ ਆਪਣੀ ਵਾਕਫ਼ੀਅਤ ਅਤੇ ਦੋਸਤੀ 1972 ਤੋਂ ਤੁਰੀ ਆਈ ਸੀ।

ਉਹਨੇ ਕਿਹਾ ਕਿ ਜੇ ਕੇਵਲ ਸਿੰਘ ਦੀ ਸ਼ਖ਼ਸੀਅਤ ਨੂੰ ਵੇਖੀਏ ਤਾਂ ਇਕ ਅਜਿਹਾ ਬੰਦਾ ਦੀਹਦਾ ਹੈ ਜੋ ਬਹੁਤ ਹੀ ਸ਼ਰੀਫ਼, ਇਮਾਨਦਾਰ, ਦਿਆਨਦਾਰ, ਸਪੱਸ਼ਟ ਤੇ ਸੱਚਾ ਆਦਮੀ ਸੀ। ਜਦੋਂ ਕਦੇ ਵੀ ਇਥੋਂ ਦੇ ਕਾਮੇ ਲੋਕਾਂ ਜਾਂ ਹਿੰਦੁਸਤਾਨ ਦੇ ਕਾਮੇ ਲੋਕਾਂ, ਜਾਂ ਸੰਸਾਰ ਦੇ ਕਿਸੇ ਵੀ ਹਿਸੇ ਦੇ ਮਿਹਨਤਕੱਸ਼ ਲੋਕਾਂ ਦੇ ਮਸਲਿਆਂ ਤੇ ਸਟੈਂਡ ਲੈਣ ਦੀ ਲੋੜ ਪੈਂਦੀ ਸੀ ਤਾਂ ਕੇਵਲ ਕਦੇ ਪਿਛੇ ਨਹੀਂ ਸੀ ਹਟਿਆ। ਉਹਨੇ ਆਪਣੀ ਸਾਰੀ ਜ਼ਿੰਦਗੀ ਇਸੇ ਅਸੂਲ ਦੇ ਲੇਖੇ ਲਾਈ।

ਦੁਨੀਆ ਨੂੰ ਦਰਪੇਸ਼ ਮਸਲਿਆਂ ਦੀ ਗੱਲ ਕਰਦਿਆਂ ਕਰਿਸ ਕੋਲਮੈਨ ਨੇ ਕਿਹਾ ਕਿ ਇਕ ਕਮਿਉਨਿਸਟ ਵਰਕਰ ਦੇ ਤੌਰ ਤੇ, ਬਰਤਾਨੀਆਂ ਦੀ ਮਜ਼ਦੂਰ ਜਮਾਤ ਦੇ ਇਕ ਮੈਂਬਰ ਹੋਣ ਦੇ ਤੌਰ ਤੇ, ਅਤੇ ਇੰਡੀਅਨ ਵਰਕਰਜ਼ ਐਸੋਸੀਏਸ਼ਨ (ਗ.ਬ.) ਦੇ ਇਕ ਕਾਰਕੁਨ ਅਤੇ ਪ੍ਰਧਾਨ ਹੋਣ ਦੇ ਤੌਰ ਤੇ ਕੇਵਲ ਸਿੰਘ ਪੁਰੇਵਾਲ ਨੇ ਹਮੇਸ਼ਾਂ ਹੀ ਸਾਰਿਆਂ ਦੇ ਹੱਕਾਂ ਦੀ ਰਾਖੀ ਲਈ, ਸਟੇਟ ਤੋਂ ਸ਼ਹਿ ਪ੍ਰਾਪਤ ਨਸਲਵਾਦ ਤੇ ਵਿਤਕਰੇ ਵਿਰੁਧ ਬਰਤਾਨੀਆਂ ਵਿਚ ਵਸਦੀਆਂ ਹਿੰਦੁਸਾਤਾਨੀ ਤੇ ਹੋਰ ਕੌਮੀ ਘੱਟ-ਗਿਣਤੀਆਂ ਦੇ ਹੱਕਾਂ ਤੇ ਹਿਤਾਂ ਦੀ ਹਿਫ਼ਾਜ਼ਤ ਕਰਨ ਲਈ, ਇਸ ਮੁਲਕ ਦੀ ਸਿਆਸੀ ਜ਼ਿੰਦਗੀ ਵਿਚ ਵੱਧ ਚੜ੍ਹ ਕੇ ਹਿਸਾ ਲੈਣ ਲਈ, ਅਤੇ ਹੱਕਾਂ ਦੀ ਜਦੋਜਹਿਦ ਵਿਚ ਕਿਸੇ ਤੋਂ ਵੀ ਪਿਛੇ ਨਾ ਰਹਿਣ ਲਈ ਹਮੇਸ਼ਾਂ ਡੱਟ ਕੇ ਸਟੈਂਡ ਲਿਆ। ਇਕ ਪੱਕੇ ਦੇਸ਼ ਭਗਤ ਅਤੇ ਕੌਮਾਂਤਰੀ ਪ੍ਰੋਲੇਤਾਰੀ ਵਜੋਂ ਉਹ ਆਪਣੇ ਜੱਦੀ ਮੁਲਕ ਹਿੰਦੁਸਤਾਨ ਦੇ ਮਸਲਿਆਂ ਵਿਚ ਵੀ ਪੂਰੀ ਸੁਹਿਰਦਤਾ ਨਾਲ ਦਿਲਚਸਪੀ ਲੈਂਦਾ ਰਿਹਾ ਅਤੇ ਸ਼ਮੂਲੀਅਤ ਕਰਦਾ ਰਿਹਾ। ਇਸ ਪੱਖੋਂ ਉਹ ਹਮੇਸ਼ਾਂ ਆਪਣੇ ਪੱਕੇ ਦੋਸਤ ਤੇ ਕਾਮਰੇਡ ਹਰਦਿਆਲ ਬੈਂਸ ਦੇ ਅਸੂਲਾਂ ਅਤੇ ਨਕਸ਼ੇ ਕਦਮ ਤੇ ਚਲਦਾ ਰਿਹਾ ਤੇ ਕਦੇ ਵੀ ਡਗਮਗਾਇਆ ਨਹੀਂ। ਕਰਿਸ ਕੋਲਮੈਨ ਨੇ ਕਿਹਾ ਕਿ ਕੇਵਲ ਦੀਆਂ ਇਹ ਸਾਰੀਆਂ ਸਿਫ਼ਤਾਂ ਸਾਡੇ ਹੌਸਲੇ ਨੂੰ ਵੀ ਬੁਲੰਦ ਕਰਦੀਆਂ ਰਹਿਣਗੀਆਂ।

ਹੋਰ ਅੱਗੇ ਬੋਲਦਿਆਂ ਕਰਿਸ ਕੋਲਮੈਨ ਨੇ ਕਿਹਾ ਕਿ ਆਪਣੇ ਸਾਥੀ ਅਜਮੇਰ ਬੈਂਸ ਦੇ ਨਾਲ ਰਲਕੇ ਕੇਵਲ ਸਿੰਘ ਪੁਰੇਵਾਲ ਨੇ ਇੰਡੀਅਨ ਵਰਕਰਜ਼ ਐਸੋਸੀਏਸ਼ਨ (ਗ.ਬ.) ਨੂੰ ਤਕਰੀਬਨ ਦੋ ਦਹਾਕੇ ਅਗਵਾਈ ਦਿਤੀ ਤੇ ਇਸ ਜਥੇਬੰਦੀ ਦੇ ਵਕਾਰ ਨੂੰ ਵਧਾਇਆ। ਇਹ ਜਥੇਬੰਦੀ ਸਿਰਫ਼ ਇੰਡੀਅਨ ਕਮਿਊਨਿਟੀ ਵਿਚ ਹੀ ਨਹੀ ਬਲਕਿ ਸਾਰੀਆਂ ਕੌਮੀ ਘੱਟ-ਗਿਣਤੀਆਂ ਅਤੇ ਮਜ਼ਦੂਰ ਵਰਗ ਵਿਚ ਇਕ ਸਤਿਕਾਰ ਯੋਗ ਸਥਾਨ ਰੱਖਦੀ ਹੈ। ਇਹ ਇਸ ਮੁਲਕ ਵਿਚ ਹਿੰਦੁਸਤਾਨੀ ਕਮਿਊਨਿਟੀ ਦੀ ਇਸ ਸ਼ਾਨਦਾਰ ਰਵਾਇਤ ਨੂੰ ਅੱਗੇ ਲੈ ਕੇ ਗਈ ਹੈ ਕਿ ਆਪਣੀ ਗਿਣਤੀ ਨਾਲੋਂ ਵੀ ਵੱਧ ਕੇ ਇਸ ਮੁਲਕ ਦੇ ਸਿਆਸੀ ਮਾਮਲਿਆਂ ਵਿਚ ਹਿਸਾ ਲੈਣਾ ਹੈ। ਬਾਹਰਲੇ ਮੁਲਕਾਂ ਵਿਚ ਰਹਿੰਦੇ ਸਾਰੇ ਹਿੰਦੁਸਤਾਨੀਆਂ ਵਿਚੋਂ ਹਰਦਿਆਲ ਬੈਂਸ ਅਤੇ ਸ਼ਹੀਦ ਊਧਮ ਸਿੰਘ ਇਸ ਰਵਾਇਤ ਨੂੰ ਅੱਗੇ ਤੋਰਨ ਦੀਆਂ ਉਘੀਆਂ ਮਿਸਾਲਾਂ ਹਨ ਤੇ ਇਨ੍ਹਾਂ ਦੇ ਕਵੈਂਟਰੀ ਸ਼ਹਿਰ ਨਾਲ ਸਬੰਧਾਂ ਨੂੰ ਵੀ ਸਭ ਜਾਣਦੇ ਹਨ।

ਅੱਜ ਦੇ ਮਸਲਿਆਂ ਬਾਰੇ ਗੱਲ ਕਰਦਿਆਂ ਕਰਿਸ ਨੇ ਕਿਹਾ ਕਿ ਕੇਵਲ ਪੁਰੇਵਾਲ ਦੇ ਦੁਖਦਾਈ ਚਲਾਣੇ ਦੇ ਇਕ ਸਾਲ ਦੇ ਵਿਚ ਵਿਚ ਹੀ ਲੋਕਾਂ ਦੇ ਹੱਕਾਂ ਦੇ ਖਿਲਾਫ਼ ਹਮਲੇ ਹੋਰ ਵੀ ਤੇਜ਼ ਹੋਏ ਹਨ ਅਤੇ ਅਗਾਂਹਵਧੂ ਤਾਕਤਾਂ ਦੇ ਸਾਹਮਣੇ ਵੱਡੀਆਂ ਚੁਣੌਤੀਆਂ ਖੜ੍ਹੀਆਂ ਹਨ। ਐਂਗਲੋ-ਅਮਰੀਕਨ ਸਾਮਰਾਜੀਏ ਹਰੇਕ ਮੁਲਕ ਦੀ ਪ੍ਰਭੁਸਤਾ ਅਤੇ ਆਜ਼ਾਦੀ ਨੂੰ ਭੰਗ ਕਰਨਾ ਆਪਣਾ ਜੱਦੀ ਹੱਕ ਸਮਝਦੇ ਹਨ ਤੇ ਲੋਕਾਂ ਨੂੰ ਜੰਗ ਅਤੇ ਤਬਾਹੀ ਦੀ ਭੱਠੀ ਵਿਚ ਝੋਕ ਰਹੇ ਹਨ। ਉਨ੍ਹਾਂ ਨੂੰ ਉਕਾ ਹੀ ਪ੍ਰਵਾਹ ਨਹੀਂ ਕਿ ਲੋਕਾਂ ਦਾ ਕਿੰਨਾਂ ਨੁਕਸਾਨ ਹੋ ਰਿਹਾ ਹੈ। ਹਰ ਤਰ੍ਹਾਂ ਦੇ ਕੌਮਾਂਤਰੀ ਕਾਇਦੇ ਕਾਨੂੰਨਾਂ ਨੂੰ ਤੋੜ ਕੇ ਆਪਣੇ ਮੁਫਾਦ ਅਤੇ ਸਰਦਾਰੀ ਨੂੰ ਤਮਾਮ ਦੁਨੀਆਂ ਵਿਚ ਕਾਇਮ ਰੱਖਣ ਦੀ ਇਨ੍ਹਾਂ ਨੂੰ ਲੱਲ੍ਹ ਲੱਗੀ ਹੋਈ ਹੈ ਤੇ ਆਪਣੇ ਇਸ ਮਕਸਦ ਨੂੰ ਪੂਰਾ ਕਰਨ ਲਈ ਲੋਕਾਂ ਨੂੰ ਤਸੀਹੇ ਦੇਣ, ਲੋਕਾਂ ਦੇ ਕਤਲੇਆਮ ਕਰਨ ਅਤੇ ਮੁਲਕਾਂ ਦੇ ਮੁਲਕ ਤਬਾਹ ਕਰ ਦੇਣ ਵਿਚ ਇਨ੍ਹਾਂ ਨੂੰ ਜ਼ਰਾ ਵੀ ਝਿਜਕ ਨਹੀਂ। ਇਥੇ ਬਰਤਾਨੀਆਂ ਵਿਚ, ਉਹ ਹਰ ਰੋਜ਼ ਲੋਕਾਂ ਦੇ ਹੱਕਾਂ ਉਤੇ ਹਮਲੇ ਹੋਰ ਤਿਖੇ ਕਰ ਰਹੇ ਹਨ, ਖ਼ਾਸ ਕਰ ਮੁਸਲਮਾਨ ਲੋਕਾਂ ਉਤੇ, ਅਤੇ ਮੁਸਲਮਾਨ ਨੌਜੁਆਨਾਂ ਤੇ ਔਰਤਾਂ ਨੂੰ ਖ਼ਾਸ ਤੌਰ ਤੇ ਇਸ ਹਮਲੇ ਦਾ ਸ਼ਿਕਾਰ ਬਣਾਇਆ ਜਾ ਰਿਹਾ ਹੈ। ਲੋਕਾਂ ਨੂੰ ਪਾੜਨ ਲਈ ਇਹ ਜ਼ਮੀਰ ਦੇ ਹੱਕ ਨੂੰ, ਸੋਚਣ ਦੇ ਹੱਕ ਨੂੰ, ਅਤੇ ਆਪਣਾ ਅਕੀਦਾ ਰੱਖਣ ਦੇ ਹੱਕ ਨੂੰ ਇਕ ਜੁਰਮ ਬਣਾ ਦੇਣ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ। ਕਰਿਸ ਕੋਲਮੈਨ ਨੇ ਧਿਆਨ ਦੁਆਇਆ ਕਿ ਕਈ ਸਰਕਾਰੀ ਵਜ਼ੀਰ ਅਤੇ ਖ਼ੁਦ ਟੋਨੀ ਬਲੇਅਰ ਵੀ ਇਹ ਗੱਲ ਕਹਿ ਚੁਕੇ ਹਨ ਕਿ ਮੁਸਲਮਾਨ ਔਰਤਾਂ ਨੂੰ ਬੁਰਕਾ ਨਹੀਂ ਪਾਉਣਾ ਚਾਹੀਦਾ, ਅਤੇ ਆਪਣੀ ਇਸ ਬਕਵਾਸ ਨੂੰ ਉਹ ਇਕ `ਸਭਿਅਕ` ਬਹਿਸ ਕਹਿੰਦੇ ਹਨ। ਇਸ ਵਿਚ ਕੁਝ ਵੀ ਸਭਿਅਕ ਨਹੀਂ ਬਲਕਿ ਇਹ ਲੋਕਾਂ ਦੇ ਸਭਿਆਚਾਰ ਉਤੇ ਇਕ ਸਿਧਾ ਹਮਲਾ ਹੈ ਅਤੇ ਘੱਟ ਗਿਣਤੀ ਲੋਕਾਂ ਦੇ ਖ਼ਿਲਾਫ਼ ਹਿੰਸਾ ਨੂੰ ਹਲਾਸ਼ੇਰੀ ਦੇਣ ਵਾਲੀ ਗੱਲ ਹੈ।

ਸਰਕਾਰ ਦੇ ਵਜ਼ੀਰਾਂ ਦੇ ਇਸ ਬੇਹੂਦਾ ਰਵੱਈਏ ਦੀ ਇਕ ਹੋਰ ਮਿਸਾਲ ਦਿੰਦਿਆਂ ਕਰਿਸ ਨੇ ਦਸਿਆ ਕਿ ਬਰਤਾਨੀਆਂ ਦੀ ਕਮਿਊਨਿਟੀ ਮਨਿਸਟਰ, ਰੂਥ ਕੈਲੀ, ਨੇ ਵੀ ਯੂਨੀਵਰਸਟੀਆਂ ਦੇ ਸਟਾਫ਼ ਨੂੰ ਕਿਹਾ ਹੈ ਕਿ ਉਹ ਮੁਸਲਮਾਨ ਵਿਦਿਆਰਥੀਆਂ ਉਤੇ ਨਿਗਾਹ ਰੱਖਣ ਤੇ ਸਟੇਟ ਨੂੰ ਖ਼ਬਰ ਦੇਣ ਕਿ ਉਹ ਕੀ ਕਰਦੇ ਹਨ। ਕਰਿਸ ਨੇ ਦਸਿਆ ਕਿ ਬੁਰਜੁਆ ਸਿਆਸਤਦਾਨ ਅਤੇ ਮੀਡੀਆ ਲੋਕਾਂ ਉਤੇ ਐਸ ਤਰੀਕੇ ਨਾਲ ਨਿਰੰਤਰ ਦਬਾਅ ਪਾ ਰਹੇ ਹਨ ਅਤੇ ਉਨ੍ਹਾਂ ਨੂੰ ਹਰ ਮਸਲੇ ਬਾਰੇ ਏਨੀ ਗਲਤ ਜਾਣਕਾਰੀ ਦਿਤੀ ਜਾ ਰਹੀ ਹੈ ਕਿ ਕਈ ਦਫ਼ਾ ਲੋਕ ਬਦਹਵਾਸ ਹੋ ਜਾਂਦੇ ਹਨ ਤੇ ਉਨ੍ਹਾਂ ਲਈ ਇਹ ਫੈਸਲਾ ਕਰਨਾ ਮੁਸ਼ਕਲ ਹੋ ਜਾਂਦਾ ਹੈ ਠੀਕ ਰਾਹ ਕਿਹੜਾ ਹੈ। ਸਰਕਾਰ ਦੀਆਂ ਇਹੋ ਜਿਹੀਆਂ ਗੱਲਾਂ ਦੇ ਖ਼ਿਲਾਫ਼ ਕੇਵਲ ਸਿੰਘ ਪੁਰੇਵਾਲ ਡੱਟ ਕੇ ਸਟੈਂਡ ਲੈਂਦਾ ਹੁੰਦਾ ਸੀ।

ਕਰਿਸ ਕੋਲ ਮੈਨ ਨੇ ਕਿਹਾ ਕਿ ਬੇਸ਼ੱਕ ਇਸ ਵੇਲੇ ਇਨਕਲਾਬ ਦੀ ਚੜ੍ਹਤ ਨਹੀਂ ਵੀ ਰਹੀ ਪਰ ਇਸ ਤਰ੍ਹਾਂ ਦੀ ਅਧੋਗਤੀ ਕਦੇ ਵੀ ਤਸਲੀਮ ਨਹੀਂ ਕੀਤੀ ਜਾ ਸਕਦੀ ਚਾਹੇ ਜ਼ਾਬਰ ਜਿੰਨੇ ਮਰਜ਼ੀ ਤਾਕਤਵਰ ਹੋਣ, ਅਤੇ ਲੋਕ ਇਸ ਘੋਰ ਦਮਨ ਨੂੰ ਕਦੇ ਵੀ ਤਸਲੀਮ ਨਹੀਂ ਕਰਨਗੇ। ਉਹ ਜੰਗ ਦੇ ਖ਼ਿਲਾਫ਼, ਅਧੋਗਤੀ ਦੇ ਖਿਲਾਫ਼ ਅਤੇ ਇਕ ਨਵੀਂ ਦੁਨੀਆ ਨੂੰ ਵਜੂਦ ਵਿਚ ਲਿਆਉਣ ਲਈ ਦੁਨੀਆਂ ਭਰ ਵਿਚ ਲੱਖਾਂ ਕਰੋੜਾਂ ਦੀ ਗਿਣਤੀ ਵਿਚ ਸੜਕਾਂ ਤੇ ਮੁਜ਼ਾਹਰੇ ਕਰ ਰਹੇ ਹਨ। ਅਗਾਂਹਵਧੂ ਲਹਿਰ ਨੂੰ ਪੇਸ਼ ਚੁਣੌਤੀਆਂ ਨੂੰ ਹੱਲ ਕਰਨ ਲਈ ਕੇਵਲ ਸਿੰਘ ਪੁਰੇਵਾਲ ਸਾਡੇ ਨਾਲ ਇਸ ਲਈ ਜੁੜਿਆ ਸੀ ਕਿ ਇਸ ਪਸਰ ਰਹੀ ਲਹਿਰ ਨੂੰ ਸਿਆਸਤ ਨਾਲ ਕਿਵੇਂ ਜੋੜਿਆ ਜਾਵੇ, ਇਸ ਨੂੰ ਸੇਧ ਕਿਵੇਂ ਦਿਤੀ ਜਾਵੇ, ਇਸ ਨੂੰ ਇਕ ਸੁਰ ਕਿਵੇਂ ਕੀਤਾ ਜਾਵੇ। ਕੇਵਲ ਜਾਣਦਾ ਸੀ ਕਿ ਇਹ ਕੰਮ ਤਦ ਹੀ ਹੋ ਸਕਦਾ ਹੈ ਜੇ ਇਕਮੁੱਠ ਹੋ ਕੇ ਸੱਭਨਾਂ ਦੇ ਹੱਕਾਂ ਲਈ ਘੋਲ ਕੀਤਾ ਜਾਵੇ, ਸਾਰੇ ਮਜ਼ਦੂਰ ਸਿਆਸਤ ਵਿਚ ਹਿਸਾ ਲੈਣ ਤੇ ਆਪਣੇ ਹੱਕਾਂ ਦੀ ਰਾਖੀ ਕਰਨ ਵਾਸਤੇ ਸਮਾਜੀ ਤੇ ਸਿਆਸੀ ਨਵੀਨੀਕਰਨ ਲਈ ਉਦਮ ਕਰਨ। ਕੇਵਲ ਸਿੰਘ ਅਗਾਂਹਵਧੂ ਸਿਆਸਤ ਵਿਚ ਇਸ ਕਰਕੇ ਆਇਆ ਸੀ ਕਿ ਬੁਰਜੁਆਜ਼ੀ ਦੀ ਸਿਆਸਤ ਨਾਲ ਕੋਈ ਸਮਝੌਤਾ ਨਹੀਂ ਕਰਨਾ ਅਤੇ ਆਪਣੀ ਤਕਦੀਰ ਬੁਰਜੁਆਜ਼ੀ ਦੇ ਹੱਥ ਵਿਚ ਬਿਲਕੁਲ ਨਹੀਂ ਦੇਣੀ ਬਲਕਿ ਮਜ਼ਦੂਰ ਜਮਾਤ ਅਤੇ ਲੋਕਾਂ ਨੂੰ ਤਕੜੇ ਕਰਨਾ ਹੈ ਤਾਂ ਹੀ ਅਮਨ ਯਕੀਨੀ ਬਣ ਸਕੇਗਾ, ਲੋਕ ਸਿਆਸੀ ਨਵੀਨੀਕਰਣ ਦੇ ਕੰਮ ਨੂੰ ਸਿਰੇ ਲਾ ਸਕਣਗੇ ਤੇ ਇਕ ਨਵਾਂ ਸਮਾਜ ਵਜੂਦ ਵਿਚ ਆ ਸਕੇਗਾ ਜਿਥੇ ਮਜ਼ਦੂਰ ਜਮਾਤ ਅਤੇ ਲੋਕਾਂ ਦੇ ਹਿਤਾਂ ਨੂੰ ਪਹਿਲ ਮਿਲੇਗੀ।

ਕਰਿਸ ਕੋਲਮੈਨ ਨੇ ਕਿਹਾ ਕਿ ਉਹਦੀ ਪਾਰਟੀ ਨੂੰ ਪੂਰਾ ਯਕੀਨ ਹੈ ਕਿ ਇੰਡੀਅਨ ਵਰਕਰਜ਼ ਐਸੋਸੀਏਸ਼ਨ (ਗ.ਬ.) ਅੱਜ ਦੀਆਂ ਚੁਣੌਤੀਆਂ ਦੇ ਬਰਾਬਰ ਉਤਰੇਗੀ। ਇਸ ਵਿਚ ਸ਼ੱਕ ਨਹੀਂ ਕਿ ਇਹਦੇ ਲਈ ਵੱਡੇ ਸਿਆਸੀ ਵਿਚਾਰ ਵਟਾਂਦਰੇ ਅਤੇ ਬਹਿਸ ਮੁਹਾਬਸੇ ਦੀ ਲੋੜ ਪਵੇਗੀ ਤੇ ਇਕ ਵਿਉਂਤਬੱਧ ਕਰੀਕੇ ਨਾਲ ਜਥੇਬੰਦੀ ਨੂੰ ਹੋਰ ਮਜ਼ਬੂਤ ਕਰਨਾ ਪਵੇਗਾ ਤੇ ਕੰਮ ਨੂੰ ਹੋਰ ਅੱਗੇ ਵਧਾਉਣਾ ਪਵੇਗਾ। ਪਾਰਟੀ ਨੂੰ ਯਕੀਨ ਹੈ ਕਿ ਕੇਵਲ ਸਿੰਘ ਦੇ ਰਾਹ ਤੇ ਚਲਦੇ ਹੋਏ ਇੰਡੀਅਨ ਵਰਕਰਜ਼ ਐਸੋਸੀਏਸ਼ਨ (ਗ.ਬ.) ਇਹ ਕੰਮ ਸਫ਼ਲਤਾ ਨਾਲ ਕਰ ਲਏਗੀ।

ਆਪਣੀ ਗੱਲ ਖ਼ਤਮ ਕਰਦਿਆਂ ਕਰਿਸ ਕੋਲਮੈਨ ਨੇ ਕਿਹਾ ਕਿ ਇਸ ਕੰਮ ਵਿਚ ਬਰਤਾਨੀਆਂ ਦੀ ਕਮਿਊਨਿਸਟ ਪਾਰਟੀ(ਮ-ਲ) ਵਲੋਂ ਇੰਡੀਅਨ ਵਰਕਰਜ਼ ਐਸੋਸੀਏਸ਼ਨ (ਗ.ਬ.) ਦੀ ਹਰ ਤਰ੍ਹਾਂ ਨਾਲ ਮੱਦਦ ਕੀਤੀ ਜਾਵੇਗੀ ਅਤੇ ਕੇਵਲ ਦੇ ਰਾਹ ਤੇ ਚਲਦੇ ਹੋਏ ਅਸੀਂ ਹੋਰ ਸਫ਼ਲਤਾਵਾਂ ਹਾਸਲ ਕਰਾਂਗੇ।